ਨੰ:/ਐੱਫ.ਸੀ.ਏ/.....784.....
ਮਿਤੀ.10-06-2016

| | | | |
|---|---|---|---|
| ਵਲੋਂ | ਵਣ ਮੰਡਲ ਅਫਸਰ,<br>ਹੁਸ਼ਿਆਰਪੁਰ। | ਸੇਵਾ ਵਿਖੇ | ਨੋਡਲ ਅਫਸਰ (ਐੱਫ.ਸੀ.ਏ),<br>ਅਤੇ ਮੁੱਖ ਵਣ ਪਾਲ (ਐੱਫ.ਸੀ.),<br>ਅਜੀਤਗੜ੍ਹ (ਮੋਹਾਲੀ)। |

ਵਿਸ਼ਾ- **Diversion of 0.9160 Ha. of Forest Land for laying of Optical Fiber Cable (OFC) along the route from Mehtiana to Kot Fatuhi road, RD No. 79132 to 91270, RD No. 70950 to 77764 & RD No. 68400 to 69448 under Hoshiarpur Forest Division**

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਯੂਜਰ ਏਜੰਸੀ ਵਲੋਂ ਮੇਹਟੀਆਣਾ ਤੋਂ ਕੋਟ ਫਤੂਹੀ ਰੋਡ, ਆਰ.ਡੀ. ਨੰ: 79132 ਤੋਂ 91270, ਆਰ.ਡੀ. ਨੰ: 70950 ਤੋਂ 77764 ਅਤੇ ਆਰ.ਡੀ. ਨੰ: 68400 ਤੋਂ 69448 ਵਿਖੇ ਔਪਟੀਕਲ ਫਾਈਵਰ ਕੇਵਲ ਵਿਛਾਉਣ ਲਈ ਵਣ ਵਿਭਾਗ ਦੀ ਡਾਇਰਵਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇਕ ਪ੍ਰਾਇਵੇਟ ਅਦਾਰਾ ਹੈ। ਇਸ ਤਜਵੀਜ ਵਿੱਚ 0.9160 ਹੈਕਟਰ ਰਕਬਾ (ਪ੍ਰੋਟੈਕਟਡ ਫਾਰੈਸਟ) ਪ੍ਰਭਾਵਿਤ ਹੁੰਦਾ ਹੈ, ਇਹ ਰਕਬਾ ਦਫਾ 4 ਤੋਂ ਮੁਕਤ ਹੈ। ਇਸ ਕੇਸ ਵਿੱਚ ਕੋਈ ਰੁੱਖ ਪ੍ਰਭਾਵਿਤ ਨਹੀ ਹੁੰਦਾ ਹੈ। ਨਿਮਨਹਸਤਾਖਰ ਨੇ ਇਸ ਰਕਬੇ ਦਾ ਮਿਤੀ 3/06/16....... ਨੂੰ ਨਿੱਜੀ ਨਿਰੀਖਣ ਕਰ ਲਿਆ ਹੈ। ਜਿਸ ਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਪੰਨਾ ਨੰ: 59.. ਤੇ ਹੈ। ਪੀ.ਡਬਲਿਯੂ.ਡੀ ਵਿਭਾਗ ਦਾ ਇਤਰਾਜਹੀਣਤਾ ਸਰਟੀਫਿਕੇਟ ਪ੍ਰਪੋਜਲ ਨਾਲ ਨੱਥੀ ਹੈ। ਸਬੰਧਤ ਯੂਜਰ ਏਜੰਸੀ ਵਲੋਂ ਬਣਦੀ ਬੈਂਕ ਗਰੰਟੀ 508750/-ਰੁਪਏ ਕੋਟੈੱਕ ਮਹਿੰਦਰਾ ਬੈਕ ਰਾਹੀਂ ਇਸ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੀ ਗਈ ਹੈ। ਯੂਜਰ ਏਜੰਸੀ ਨੇ ਪ੍ਰਭਾਵਿਤ ਰਕਬੇ ਦੇ 50/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਰਕਮ 458000/- ਰੁਪਏ ਡੀਮਾਂਡ ਡਰਾਫਟ ਰਾਹੀਂ ਗਰੀਨਿੰਗ ਪੰਜਾਬ ਮਿਸ਼ਨ ਫੰਡ ਦੇ ਅਕਾਂਉਟ ਨੰਬਰ 1488000101175523 ਵਿੱਚ ਜਮ੍ਹਾਂ ਕਰਵਾ ਦਿੱਤੀ ਹੈ (ਕਾਪੀ ਨੱਥੀ) ਤਜਵੀਜ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਦੀ ਪ੍ਰਾਵਾਨਗੀ ਲਈ ਸਿਫਾਰਿਸ਼ ਸਹਿਤ 1 ਪੜ੍ਹਤ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਸਹਿਪੱਤਰ:ਉੱਪਰਵਾਂਗ। (ਇੱਕ ਪੜ੍ਹਤ)
ਕੇਸ ਦੋ ਪੜ੍ਹਤਾਂ ਵਿੱਚ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ। o/c

ਪਿੱਠ ਅੰਕਣ ਨੰਬਰ..785-87..... ਮਿਤੀ.10-06-2016

ਇਸ ਦੀ ਇਕ ਨਕਲ :-

1) ਵਣ ਪਾਲ ਸ਼ਿਵਾਲਿਕ ਸਰਕਲ, ਪੰਜਾਬ, ਵਣ ਭਵਨ, ਸੈਕਟਰ-68, ਅਜੀਤਗੜ੍ਹ (ਮੋਹਾਲੀ) ਜੀ ਨੂੰ ਸਮੇਤ ਪ੍ਰੋਪੋਜਲ ਦੀ ਇੱਕ ਪੜ੍ਹਤ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਮੈਸ: ਆਈਡੀਆ ਸੈਲੂਲਰ ਲਿਮਟਿਡ, ਮੋਹਾਲੀ।
3) ਇਸ ਦੀ ਇੱਕ ਨਕਲ ਵਣ ਰੇਂਜ ਅਫਸਰ, ਹੁਸ਼ਿਆਰਪੁਰ ਅਤੇ ਮਾਹਿਲਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਵਣ ਰਕਬਾ ਗੈਰ ਵਣ ਮੰਤਵ ਲਈ ਯੂਜਰ ਏਜੰਸੀ ਨੂੰ ਵਰਤਣ ਨਾ ਦਿੱਤਾ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ। o/c

D:\FCA (Santosh)\Forests Clearance.nic.in\F.C.A_Sham_LG.doc